# Shri PiyushGoyal appointed as India's G20 Sherpa

September 07, 2021

……………………………………………………………………………………………………..

## ਸ਼੍ਰੀ ਪੀਯੂਸ਼ ਗੋਇਲ ਹੋਣਗੇ ਭਾਰਤ ਦੇ G - 20 ਸ਼ੇਰਪਾ

7 ਸਤੰਬਰ, 2021

ਕੇਂਦਰੀ ਵਣਜ ਅਤੇ ਉਦਯੋਗ, ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਅਤੇ ਕਪੜਾ ਮੰਤਰੀ ਸ਼੍ਰੀ ਪੀਯੂਸ਼ ਗੋਇਲ ਨੂੰ G -20 ਲਈ ਭਾਰਤ ਦੇ ਸ਼ੇਰਪਾ ਵਜੋਂ ਨਿਯੁਕਤ ਕੀਤਾ ਗਿਆ ਹੈ|

G - 20 ਪ੍ਰਮੁੱਖ ਅੰਤਰਰਾਸ਼ਟਰੀ ਸਮੂਹ ਹੈ, ਜਿਸ ਅੰਦਰ ਸੰਸਾਰ ਦੀਆਂ 19 ਵੱਡੀਆਂ ਅਰਥਵਿਵਸਥਾਵਾਂ ਅਤੇ ਯੂਰਪੀਅਨ ਸੰਘ ਸ਼ਾਮਲ ਹਨ ਅਤੇ ਇਸਦੇ ਮੈਂਬਰ ਆਲਮੀ GDP ਦੇ 80%, ਆਲਮੀ ਵਪਾਰ ਦੇ 75% ਅਤੇ ਦੁਨੀਆਂ ਦੀ ਆਬਾਦੀ ਦੇ 60% ਹਿੱਸੇ ਦਾ ਯੋਗਦਾਨ ਦਿੰਦੇ ਹਨ|

ਪ੍ਰਧਾਨ ਮੰਤਰੀ ਮੋਦੀ 2014 ਤੋਂ G -20 ਸਿਖਰ ਸੰਮੇਲਨਾਂ ਵਿੱਚ ਭਾਰਤ ਦੀ ਅਗਵਾਈ ਕਰ ਰਹੇ ਹਨ|

ਅਗਲਾ G 20 ਸਿਖਰ ਸੰਮੇਲਨ ਇਟਲੀ ਦੀ ਪ੍ਰਧਾਨਗੀ ਅਧੀਨ 30-31 ਅਕਤੂਬਰ 2021 ਨੂੰ ਹੋਣਾ ਤੈਅ ਕੀਤਾ ਗਿਆ ਹੈ|

ਭਾਰਤ 1999 ਵਿੱਚ ਇਸਦੀ ਸ਼ੁਰੂਆਤ ਤੋਂ ਹੀ G -20 ਦਾ ਮੈਂਬਰ ਰਿਹਾ ਹੈ| ਭਾਰਤ 1 ਦਸੰਬਰ, 2022 ਤੋਂ G 20 ਦੀ ਪ੍ਰਧਾਨਗੀ ਸੰਭਾਲੇਗਾ ਅਤੇ ਪਹਿਲੀ ਵਾਰ 2023 ਵਿੱਚ G 20 ਆਗੂਆਂ ਦਾ ਸੰਮੇਲਨ ਕਰਾਏਗਾ|

ਭਾਰਤ 1 ਦਸੰਬਰ, 2021 ਤੋਂ 30 ਨਵੰਬਰ, 2024 ਤੱਕ G 20 ਤਿਕੜੀ (G 20 ਦੇ ਪਿਛਲੇ, ਮੌਜੂਦਾ ਅਤੇ ਆਉਣ ਵਾਲੇ ਪ੍ਰਧਾਨ) ਦਾ ਹਿੱਸਾ ਰਹੇਗਾ|

ਨਵੀਂ ਦਿੱਲੀ
7 ਸਤੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.